

ਅੰਤਰ-ਧਰਮ ਵਾਰਤਾਲਾਪ ਲਈ ਵਿਭਾਗ

ਇਸਾਈ ਅਤੇ ਸਿੱਖ: ‘‘ਅਸੀਸੀ ਦੀ ਭਾਵਨਾ’’ ਵਿੱਚ ਵਿਭਿੰਨਤਾ ਅਤੇ ਮਤਭੇਦਾਂ ਦਰਮਿਆਨ ਸਦਭਾਵਨਾ ਵਿੱਚ ਵੱਧਣਾ

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਮੌਕੇ ’ਤੇ ਸੰਦੇਸ਼ 2026

ਵੈਟੀਕਨ ਸਿਟੀ

ਪਿਆਰੇ ਮਿੱਤਰੋ,

ਇਸ ਸਾਲ 24 ਨਵੰਬਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਮੌਕੇ 'ਤੇ ਅੰਤਰ-ਧਰਮ ਵਾਰਤਾਲਾਪ ਲਈ ਵਿਭਾਗ ਆਪ ਜੀ ਨੂੰ ਆਪਣਾ ਨਿੱਘਾ ਪ੍ਰਣਾਮ ਅਤੇ ਪ੍ਰਾਰਥਨਾ ਭਰੀਆਂ ਸ਼ੁਭ-ਕਾਮਨਾਵਾਂ ਭੇਜਦਾ ਹੈ। ਖ਼ੁਸ਼ੀ ਦਾ ਇਹ ਪਾਵਨ ਅਵਸਰ ਤੁਹਾਨੂੰ ਅਤੇ ਤੁਹਾਡੇ ਪਰਿਵਾਰਾਂ ਨੂੰ ਅਣਗਿਣਤ ਬਰਕਤਾਂ ਅਤੇ ਖ਼ੁਸ਼ੀਆਂ ਪ੍ਰਦਾਨ ਕਰੇ ਅਤੇ ਤੁਹਾਡੇ ਭਾਈਚਾਰੇ ਦੀ ਏਕਤਾ ਅਤੇ ਸਦਭਾਵਨਾ ਨੂੰ ਮਜ਼ਬੂਤ ਬਣਾਵੇ।

ਸੰਨ 1986 ਵਿੱਚ ਇਟਲੀ ਦੇ ਅਸੀਸੀ ਸ਼ਹਿਰ ਵਿੱਚ ਮਿਤੀ 27 ਅਕਤੂਬਰ 2026 ਨੂੰ ਹੋਏ ਸ਼ਾਂਤੀ ਲਈ ਇਕੱਠ ਦੀ 40ਵੀਂ ਵਰ੍ਹੇਗੰਢ ਦੀ ਯਾਦਗਾਰ ਮਨਾਈ ਗਈ। ਉਸ ਇਤਿਹਾਸਿਕ ਇਕੱਠ ਵਿੱਚ ਦੁਨੀਆ ਭਰ ਦੇ ਕਈ ਧਾਰਮਿਕ ਆਗੂਆਂ ਨੇ ਸੰਤ ਜੌਨ ਪੌਲ ਦੂਜੇ ਨਾਲ ਮਿਲਕੇ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਅਸੀਸੀ ਦੇ ਸੰਤ ਫਰਾਂਸਿਸ ਦੇ ਸ਼ਾਂਤੀ ਦੇ ਵਿਰਸੇ ਤੋਂ ਪ੍ਰੇਰਨਾ ਪਾ ਕੇ ਉਸ ਅੰਤਰ-ਧਰਮ ਮਿਲਾਪ ਨੇ ਭਾਈਚਾਰੇ ਅਤੇ ਏਕਤਾ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਕੀਤਾ, ਜੋ ਸ਼ਾਂਤੀ ਕਾਇਮ ਕਰਨ ਲਈ ਜ਼ਰੂਰੀ ਹੈ। ਇਹ ਵਚਨਬੱਧਤਾ, ਜੋ ਉਸ ਦਿਨ ਤੋਂ "ਅਸੀਸੀ ਦੀ ਭਾਵਨਾ" ਵਜੋਂ ਜਾਣੀ ਜਾ ਰਹੀ ਹੈ, ਇਹ ਪ੍ਰਗਟ ਕਰਦੀ ਹੈ ਕਿ ਲੋਕਾਂ ਅਤੇ ਦੇਸ਼ਾਂ ਦਰਮਿਆਨ ਅੰਤਰ-ਧਰਮ ਵਾਰਤਾਲਾਪ, ਇਕਜੁੱਟਤਾ ਅਤੇ ਸਹਿਯੋਗ ਨੂੰ ਉਤਸ਼ਾਹ ਦੇਣ ਨਾਲ ਵੱਖ-ਵੱਖ ਧਰਮ ਅਤੇ ਉਹਨਾਂ ਦੇ ਪ੍ਰਤਿਨਿਧੀ ਦੁਨੀਆ ਭਰ ਵਿੱਚ ਸਦਭਾਵਨਾ ਅਤੇ ਸ਼ਾਂਤੀ ਦੇ ਫੈਲਾਅ ਲਈ ਕੀ-ਕੀ ਕਰ ਸਕਦੇ ਹਨ ਅਤੇ ਉਹਨਾਂ ਨੂੰ ਕੀ ਕੁਝ ਕਰਨਾ ਚਾਹੀਦਾ ਹੈ। ਉਸ ਇਤਿਹਾਸਿਕ ਇਕੱਠ ਦੀ ਯਾਦਗਾਰ ਸਾਨੂੰ ਮੌਕਾ ਪ੍ਰਦਾਨ ਕਰਦੀ ਹੈ ਕਿ ਅਸੀਂ ਧਿਆਨ ਲਾਈਏ ਕਿ ਇਸਾਈ ਅਤੇ ਸਿੱਖ ਭਾਈਚਾਰਾ ਕਿਸ ਤਰ੍ਹਾਂ ਵਿਭਿੰਨਤਾ ਅਤੇ ਮਤਭੇਦਾਂ ਦਰਮਿਆਨ ਸਦਭਾਵਨਾ ਵਧਾ ਸਕਦੇ ਹਨ।

ਸਭ ਤੋਂ ਪਹਿਲਾਂ, "ਅਸੀਸੀ ਦੀ ਭਾਵਨਾ" ਵੱਖ-ਵੱਖ ਧਾਰਮਿਕ ਪ੍ਰੰਪਰਾਵਾਂ ਦੇ ਲੋਕਾਂ ਦੇ ਇਕੱਠ ਨੂੰ ਦਰਸਾਉਂਦੀ ਹੈ ਕਿ ਇੱਕ-ਦੂਜੇ ਨਾਲ ਮਿਲਕੇ ਵਿਅਕਤੀਆਂ ਅਤੇ ਭਾਈਚਾਰਿਆਂ ਦਰਮਿਆਨ ਸਦਭਾਵਨਾ, ਸ਼ਾਂਤੀ ਅਤੇ ਏਕਤਾ ਵਾਸਤੇ ਪ੍ਰਾਰਥਨਾ ਕੀਤੀ ਜਾਵੇ। ਇੱਕ-ਦੂਜੇ ਦੇ ਵਿਲੱਖਣ ਧਾਰਮਿਕ ਵਿਰਸੇ ਦਾ ਆਦਰ-ਮਾਣ ਕਰਦਿਆਂ ਪ੍ਰਾਰਥਨਾ ਵਿੱਚ ਇਕੱਠੇ ਹੋਣ 'ਤੇ ਇਹ ਸਮਾਜ ਵਿੱਚ ਪਿਆਰ, ਸ਼ਾਂਤੀ ਅਤੇ ਏਕਤਾ ਸਥਾਪਿਤ ਕਰਨ ਦੀ ਮਜ਼ਬੂਤ ਨੀਂਹ ਬਣਦੇ ਹਨ।

ਦੂਜਾ, "ਅਸੀਸੀ ਦੀ ਭਾਵਨਾ" ਭਾਈਚਾਰੇ, ਸਾਂਝ ਅਤੇ ਮੇਲ਼-ਮਿਲਾਪ ਨੂੰ ਜ਼ਾਹਿਰ ਕਰਦੀ ਹੈ, ਜੋ "ਵੱਖ-ਵੱਖ ਸੱਚਾਈਆਂ ਦੇ ਰਚਨਾਤਮਕ ਤਾਲਮੇਲ ਤੋਂ ਪੈਦਾ ਹੁੰਦੀ ਹੈ, ਕਿਸੇ ਦਬਾਅ ਜਾਂ ਰਲੇਵੇਂ ਨਾਲ ਨਹੀਂ, ਬਲਕਿ ਉਹਨਾਂ ਦੀਆਂ ਭਿੰਨਤਾਵਾਂ ਦਾ ਪੂਰਾ ਆਦਰ ਕਰਦਿਆਂ, ਇੱਕ ਸ਼ਾਂਤ ਸਾਂਝੇ ਜੀਵਨ ਨੂੰ ਮੱਦੇ ਨਜ਼ਰ ਰੱਖ ਕੇ" (ਸੰਤ ਪਾਪਾ ਫਰਾਂਸਿਸ, *ਮਸੀਹੀ ਏਕਤਾ ਅਤੇ ਅੰਤਰ-ਧਰਮ ਇਕੱਠ ਨੂੰ ਸੰਬੋਧਨ*, 3 ਸੰਤਬਰ 2023)। "ਅਸੀਸੀ ਦੀ ਭਾਵਨਾ" ਅਨੁਸਾਰ ਆਪਣੇ ਤੋਂ ਵੱਖਰੇ ਵਿਚਾਰਾਂ, ਵਿਸ਼ਵਾਸਾਂ ਅਤੇ ਧਾਰਮਿਕ ਪਰੰਪਰਾਵਾਂ ਵਾਲੇ ਲੋਕਾਂ ਨਾਲ ਸਾਂਝ ਅਤੇ ਸੰਵਾਦ ਦੇ ਪੁਲ ਬਣਾਉਣ ਰਾਹੀਂ ਅਸੀਂ ਸਮਾਜ ਵਿੱਚ ਸਦਭਾਵਨਾ ਨੂੰ ਲਗਾਤਾਰ ਵਿਕਸਿਤ ਅਤੇ ਮਜ਼ਬੂਤ ਕਰ ਸਕਦੇ ਹਾਂ।

ਤੀਸਰਾ, "ਅਸੀਸੀ ਦੀ ਭਾਵਨਾ" ਪਿਛਲੇ ਚਾਰ ਦਹਾਕਿਆਂ 'ਚ ਦੁਨੀਆ ਭਰ ਵਿੱਚ ਅੰਤਰ-ਧਰਮ ਵਾਰਤਾਲਾਪ ਅਤੇ ਸਹਿਯੋਗ ਦੇ ਵਧਣ-ਫੁੱਲਣ ਵਿੱਚ ਝਲਕਦੀ ਹੈ, ਜੋ ਬਿਨਾਂ ਸ਼ੱਕ ਅਸੀਸੀ ਇਕੱਠ ਦਾ ਸਭ ਤੋਂ ਮਹੱਤਵਪੂਰਨ ਫਲ਼ ਹੈ। ਜਿਵੇਂ ਸੰਤ ਪਪਾ ਲੀਓ ਚੌਦ੍ਹਵੇਂ ਨੇ ਦੱਸਿਆ ਹੈ, ਸੱਚਾ ਵਿਕਾਸ ਹਮੇਸ਼ਾ "ਦੂਜਿਆਂ ਲਈ ਖੁੱਲ੍ਹਾ ਦਿਲ, ਸੁਣਨ ਲਈ ਬੁੱਧੀ ਅਤੇ ਉਸ ਇੱਛਾ-ਸ਼ਕਤੀ ਤੋਂ ਪੈਦਾ ਹੁੰਦਾ ਹੈ, ਜੋ ਤੋੜਨ ਦੀ ਬਜਾਏ ਜੋੜਨ ਦੀ ਭਾਲ਼ ਕਰੇ" (ਰਸੂਲੀ ਪੱਤਰ *ਮੈਗਨੀਫਿਕਾ ਹੁਮਾਨਿਤਾਸ* , 15 ਮਈ 2026, ਪੈਰਾ ਨੰਬਰ 15)। ਸੰਤ ਪਾਪਾ ਲੀਓ ਇਹ ਵੀ ਕਹਿੰਦੇ ਹਨ ਕਿ ਸਦਭਾਵਨਾ ਲਈ ਮਿਲਕੇ ਕੰਮ ਕਰਨਾ "ਕੇਵਲ ਵਿਹਾਰਕ ਵਿਕਲਪ ਨਹੀਂ, ਬਲਕਿ ਹਕੀਕਤ

ਦੀ ਡੂੰਘੀ ਤਰਤੀਬ ਦਾ ਅਕਸ ਵੀ ਹੈ। ਇਹ ਮਨੁੱਖੀ ਪਰਿਵਾਰ ਦੇ ਮੈਂਬਰਾਂ ਵਜੋਂ ਸਾਡੀ ਸਾਂਝੀ ਹੋਂਦ ਦੇ ਬੁਨਿਆਦੀ ਢਾਂਚੇ ਨਾਲ ਪੂਰੀ ਤਰ੍ਹਾਂ ਮੇਲ਼ ਖਾਂਦਾ ਹੈ" (*ਵਿਸ਼ਵ ਅਤੇ ਪ੍ਰੰਪਰਾਗਤ ਧਰਮਾਂ ਦੇ ਆਗੂਆਂ ਦੇ ਅਠਵੇਂ ਸੰਮੇਲਨ ਵਿੱਚ ਸ਼ਿਰਕਤ ਕਰਨ ਵਾਲਿਆਂ ਨੂੰ ਸੰਦੇਸ਼*, 17-18 ਸਤੰਬਰ 2025)। ਅੱਜ, ਜਦੋਂ ਕਿ ਵੱਖ-ਵੱਖ ਸਮੂਹਾਂ ਅਤੇ ਸਮੁਦਾਇਆਂ ਵਿਚਕਾਰ ਅਸਹਿਣਸ਼ੀਲਤਾ, ਨਫ਼ਰਤ ਅਤੇ ਵੈਰ-ਵਿਰੋਧ ਵੱਧਦਾ ਜਾ ਰਿਹਾ ਹੈ, ਦੁਨੀਆ ਭਰ ਦੇ ਵੱਖ-ਵੱਖ ਧਾਰਮਿਕ ਪ੍ਰੰਪਰਾਵਾਂ ਦੇ ਵਿਸ਼ਵਾਸੀਆਂ ਲਈ ਹੋਰ ਵੀ ਜ਼ਰੂਰੀ ਬਣਦਾ ਹੈ ਕਿ ਉਹ "ਅਸੀਸੀ ਦੀ ਭਾਵਨਾ" ਵਿੱਚ ਵਾਰਤਾਲਾਪ ਅਤੇ ਸਹਿਯੋਗ ਲਈ ਕੰਮ ਕਰਨ, ਤਾਂ ਜੋ ਸਮਾਜ ਦੇ ਹਰ ਪੱਧਰ 'ਤੇ ਤਾਲਮੇਲ ਵਾਲੇ ਸਹਿਜੀਵਨ ਨੂੰ ਉਤਸ਼ਾਹ ਮਿਲੇ।

ਚੌਥਾ, "ਅਸੀਸੀ ਦੀ ਭਾਵਨਾ" ਧਰਮ ਦੇ ਮੂਲ ਸੁਭਾਅ ਦੀ ਗਵਾਹੀ ਦਿੰਦੀ ਹੈ, ਜੋ ਖ਼ੁਦਾ ਦੀ ਭਗਤੀ ਕਰਨਾ ਹੈ। ਨਾਲ ਹੀ, ਇਹ ਲੋਕਾਂ ਨੂੰ ਮਾਨਵਤਾ ਲਈ ਰੱਬੀ ਹੁਕਮ ਦੁਆਰਾ ਨਿਰਧਾਰਿਤ ਰਾਹ 'ਤੇ ਚੱਲਣ, ਉਹਨਾਂ ਦਰਮਿਆਨ ਸਦਭਾਵਨਾ ਨੂੰ ਪ੍ਰੇਰਣਾ ਦੇਣ ਅਤੇ ਦੁਨੀਆ ਵਿੱਚ ਸ਼ਾਂਤੀ ਸਥਾਪਿਤ ਕਰਨ ਲਈ ਮਿਲ-ਜੁਲ ਕੇ ਕੰਮ ਕਰਨ ਵਾਸਤੇ ਉਤਸ਼ਾਹਿਤ ਕਰਦੀ ਹੈ। ਸਮਾਜ ਵਿੱਚ ਧਰਮਾਂ ਦੀ ਭੂਮਿਕਾ ਮਹਤੱਵਪੂਰਣ ਅਤੇ ਅਟੱਲ ਹੈ। ਧਰਮ ਮਨੁੱਖਾਂ ਦਾ ਧਿਆਨ ਪ੍ਰਮਾਤਮਾ ਵੱਲ ਕੇਂਦਰਿਤ ਕਰਦੇ ਹਨ ਅਤੇ ਉਹਨਾਂ ਨੂੰ ਇੱਕ-ਦੂਜੇ ਨਾਲ ਜੋੜਦੇ ਹਨ। ਧਰਮ ਲੋਕਾਂ ਨੂੰ ਇੱਕ=ਦੂਜੇ ਅਤੇ ਸ੍ਰਿਸ਼ਟੀ ਪ੍ਰਤੀ ਪਿਆਰ ਅਤੇ ਦੇਖਭਾਲ਼ ਅਪਨਾਉਣ, ਬੁਰਾਈ ਦਾ ਵਿਰੋਧ ਕਰਨ ਅਤੇ ਇੱਕ-ਦੂਜੇ ਵਿਰੁੱਧ ਹਿੰਸਾ ਨੂੰ ਤਿਆਗਣ ਦਾ ਸੱਦਾ ਦਿੰਦੇ ਹਨ। ਹਰ ਤਰ੍ਹਾਂ ਦੀ ਹਿੰਸਾ ਜਿਸ ਵਿੱਚ ਦੁੱਖਦਾਈ ਢੰਗ ਨਾਲ ਪ੍ਰਮਾਤਮਾ ਜਾਂ ਧਰਮ ਦੇ ਨਾਂ ਉੱਤੇ ਹਿੰਸਾ ਹੁੰਦੀ ਹੋਵੇ, ਉਹ ਧਰਮ ਦੇ ਅਸਲ ਸਰੂਪ ਨੂੰ ਪ੍ਰਗਟ ਨਹੀਂ ਕਰਦੀ। ਇਸਦੇ ਉਲਟ, ਇਹ ਤਾਂ ਧਰਮ ਦੇ ਮੂਲ ਸਿਧਾਂਤਾਂ ਦੇ ਬਿਲਕੁਲ ਵਿਰੁੱਧ ਹੈ (ਸੰਤ ਪਾਪਾ ਬੈਨੇਡਿਕਟ ਚੌਦ੍ਹਵਾਂ, *ਅਸੀਸੀ ਵਿਖੇ ਸ਼ਾਂਤੀ ਲਈ ਬੈਠਕ ਨੂੰ ਸੰਬੋਧਨ*, 27 ਅਕਤੂਬਰ 2011)। ਅਜਿਹੇ ਸਮੇਂ ਜਦੋਂ ਦੁਨੀਆ ਦੇ ਕੁਝ ਹਿੱਸਿਆਂ ਵਿੱਚ ਧਰਮ ਦੇ ਨਾਂ 'ਤੇ ਪ੍ਰੇਰਿਤ ਹਿੰਸਾ ਵੱਧ ਰਹੀ ਹੈ, "ਅਸੀਸੀ ਦੀ ਭਾਵਨਾ" ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਨੂੰ ਤਾਕੀਦ ਕਰਦੀ ਹੈ ਕਿ "ਉਹ ਸਰਗਰਮ ਅਹਿੰਸਾ ਨੂੰ ਜ਼ਿੰਦਗੀ ਦਾ ਤਰੀਕਾ ਬਣਾਉਣ" (ਸੰਤ ਪਾਪਾ ਫਰਾਂਸਿਸ, 50ਵੇਂ *ਵਿਸ਼ਵ ਸ਼ਾਂਤੀ ਦਿਵਸ ਦੇ ਜਸ਼ਨ ਲਈ ਸੰਦੇਸ਼*, 1 ਜਨਵਰੀ 2017), ਜਿਸ ਨਾਲ ਲੋਕਾਂ ਵਿੱਚ ਸਦਭਾਵਨਾ ਪੈਦਾ ਕਰਨ ਅਤੇ ਬਰਕਰਾਰ ਰੱਖਣ ਵਿੱਚ ਮਦਦ ਮਿਲਦੀ ਰਹੇ।

ਸਾਡੀਆਂ ਆਪੋ-ਆਪਣੀਆਂ ਧਾਰਮਿਕ ਪ੍ਰੰਪਰਾਵਾਂ ਵਿੱਚ ਮਜ਼ਬੂਤੀ ਨਾਲ ਜੁੜੇ ਵਿਸ਼ਵਾਸੀ ਹੋਣ ਦੇ ਨਾਤੇ ਅਤੇ ਮਨੁੱਖਤਾ ਦੀ ਭਲਾਈ ਪ੍ਰਤੀ ਸਾਂਝੀਆਂ ਕਦਰਾਂ-ਕੀਮਤਾਂ, ਫਿਕਰਾਂ ਅਤੇ ਵਚਨਬੱਧਤਾ ਰਾਹੀਂ ਇਕਜੁੱਟ ਹੁੰਦੇ ਹੋਏ — ਆਓ ਅਸੀਂ ਇਸਾਈ ਅਤੇ ਸਿੱਖ, ਆਪਣੇ ਪਰਿਵਾਰਾਂ, ਭਾਈਚਾਰਿਆਂ ਅਤੇ ਪੂਰੇ ਸਮਾਜ ਵਿੱਚ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਸਦਭਾਵਨਾ ਨੂੰ ਸਰਗਰਮ ਕਰਨ ਲਈ ਯਤਨਸ਼ੀਲ ਬਣੀਏ। "ਅਸੀਸੀ ਦੀ ਭਾਵਨਾ" ਤੋਂ ਪ੍ਰੇਰਨਾ ਪਾ ਕੇ ਆਓ ਅਸੀਂ ਦੂਜੀਆਂ ਧਾਰਮਿਕ ਪ੍ਰੰਪਰਾਵਾਂ ਦੇ ਪੈਰੋਕਾਰਾਂ ਅਤੇ ਨੇਕ ਨੀਯਤ ਲੋਕਾਂ ਨਾਲ ਹਰ ਸੰਭਵ ਤਰੀਕੇ ਨਾਲ ਸਦਭਾਵਨਾ ਵਧਾਉਣ ਵਾਸਤੇ ਹੱਥ ਮਿਲਾਈਏ।

ਆਪ ਸਭ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਲੱਖ-ਲੱਖ ਵਧਾਈਆਂ।

ਕਾਰਡੀਨਲ ਜੌਰਜ ਜੇਕੱਬ ਕੂਵਾਕਾਡ

ਪ੍ਰੀਫੈਕਟ

ਮੌਨਸੀਨੀਯੌਰ ਇੰਦੂਨਿਲ ਕੋਡਿਥੁਵੱਕੂ ਜਾਨਾਕਾਰਾਤਨੇ ਕਨਕਨਾਮਾਲਾਗੇ

ਸਕੱਤਰ

ਅੰਤਰ-ਧਾਰਮਿਕ ਵਾਰਤਾਲਾਪ ਲਈ ਵਿਭਾਗ

00120 ਵੈਟੀਕਨ ਸਿਟੀ

Tel: +39.06.6988 4321

E-mail: dialogo@interrel.va
http://www.dicasteryinterreligious.va/